# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 06-10-2024**

ਇਕ ਰਾਸ਼ਟਰ ਇਕ ਚੋਣ' ਲਈ ਬਣਾਈ ਗਈ ਕਮੇਟੀ ਦੇ ਚੇਅਰਮੈਨ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕਿਹਾ ਏ ਕਿ ਦੇਸ਼ ਭਰ ਵਿੱਚ ਇੱਕੋ ਸਮੇਂ ਚੋਣਾਂ ਕਰਵਾਉਣ ਨਾਲ, ਦੇਸ਼ ਨੂੰ ਬਹੁਤ ਫਾਇਦਾ ਹੋਵੇਗਾ। ਕੱਲ੍ਹ ਨਵੀਂ ਦਿੱਲੀ ਵਿੱਚ ਲਾਲ ਬਹਾਦੁਰ ਸ਼ਾਸਤਰੀ ਮੈਮੋਰੀਅਲ ਲੈਕਚਰ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਨਾਲੋ-ਨਾਲ ਚੋਣਾਂ ਬਿਹਤਰ ਸ਼ਾਸਨ, ਨੀਤੀਗਤ ਸਥਿਰਤਾ, ਸਮਾਜਿਕ ਏਕਤਾ ਅਤੇ ਆਰਥਿਕ ਵਿਕਾਸ ਨੂੰ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਬਣਨ ਲਈ ਅਗਵਾਈ ਕਰ ਸਕਦੀਆਂ ਨੇ। ਸ਼੍ਰੀ ਕੋਵਿੰਦ ਨੇ ਕਿਹਾ ਕਿ ਇਹ ਸਿਫਾਰਿਸ਼ ਹੋਰ ਸਮਾਵੇਸ਼ੀ ਅਤੇ ਖੁਸ਼ਹਾਲ

ਭਵਿੱਖ ਲਈ ਇੱਕ ਬੁਨਿਆਦੀ ਸੁਧਾਰ ਸਾਬਤ ਹੋਵੇਗੀ।

------------------------------------------------

ਹਰਿਆਣਾ ਵਿਧਾਨ ਸਭਾ ਚੋਣਾਂ ਲਈ ਕੱਲ੍ਹ ਕਰੀਬ 67 ਫੀਸਦੀ ਵੋਟਿੰਗ ਹੋਈ ਏ । ਸੂਬਾ ਵਿਧਾਨ ਸਭਾ ਦੀਆਂ ਸਾਰੀਆਂ 90 ਸੀਟਾਂ ਲਈ ਇੱਕ ਪੜਾਅ ਵਿੱਚ ਹੋਈ ਵੋਟਿੰਗ ਕਾਫ਼ੀ ਹੱਦ ਤੱਕ ਸ਼ਾਂਤੀਪੂਰਨ ਰਹੀ। 100 ਸਾਲ ਤੋਂ ਵੱਧ ਉਮਰ ਦੇ ਕਈ ਲੋਕਾਂ ਨੇ ਉਤਸ਼ਾਹ ਨਾਲ ਵੋਟਿੰਗ ਵਿੱਚ ਹਿੱਸਾ ਲਿਆ । ਇਸ ਚੋਣ ਵਿੱਚ ਪਹਿਲੀ ਵਾਰ ਦਿਵੀਆਂਗ ਵਿਅਕਤੀਆਂ ਅਤੇ 85 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਨੂੰ ਘਰ ਬੈਠੇ ਹੀ ਵੋਟ ਪਾਉਣ ਦੀ ਸਹੂਲਤ ਦਿੱਤੀ ਗਈ ਏ । ਹਰਿਆਣਾ ਦੇ ਨਾਲ-ਨਾਲ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਵੀ, ਮੰਗਲਵਾਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

------------------------------------------------

ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਸ਼ੁਰੂ ਕੀਤੀ

ਸਟੂਡੈਂਟ-ਪੁਲਿਸ ਕੈਡਿਟ ਸਕੀਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਹਿਰੀ ਬੁੱਟਰ ਵਿਖੇ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਰੈੱਡ ਕਰਾਸ ਸੁਸਾਇਟੀ ਦੇ ਫਸਟ ਏਡ ਮਾਸਟਰ ਟਰੇਨਰ ਨਰੇਸ਼ ਪਠਾਣੀਆਂ ਅਤੇ ਸਮਾਜਸੇਵੀ ਵਿਜੇ ਭੱਟ ਨੇ, ਵਿਦਿਆਰਥੀਆਂ ਨੂੰ ਨਿੱਜੀ ਸਫਾਈ, ਸੜਕ ਸੁਰੱਖਿਆ ਅਤੇ ਫਸਟ ਏਡ ਬਾਰੇ ਸਿਖਲਾਈ ਦਿੱਤੀ। ਨਰੇਸ਼ ਪਠਾਣੀਆਂ ਨੇ ਬੱਚਿਆਂ ਨੂੰ ਕਿਹਾ ਕਿ  ਜੇਕਰ ਅਸੀਂ ਸਿਹਤਮੰਦ ਹਾਂ ਤਾਂ ਹੀ ਅਸੀਂ ਚੰਗੇ ਨਾਗਰਿਕ ਬਣ ਕੇ ਸਮਾਜ ਦੀ ਸੇਵਾ ਕਰ ਸਕਦੇ ਹਾਂ । ਸਕੂਲ ਪ੍ਰਿੰਸੀਪਲ ਡਾ: ਜਸਪਾਲ ਸਿੰਘ ਅਤੇ ਅਧਿਆਪਕ ਡੀ.ਪੀ ਮੱਖਣ ਸਿੰਘ ਨੇ ਦੱਸਿਆ ਕਿ ਇਸਦਾ ਉਦੇਸ਼ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਅਤੇ ਹੋਰ ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕ ਕਰਨਾ, ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣਾ, ਵਿਦਿਆਰਥੀਆਂ ਅਤੇ ਪੁਲਿਸ

ਵਿਚਕਾਰ ਦੋਸਤਾਨਾ ਸਬੰਧ ਬਣਾ ਕੇ ਆਪਣੇ ਇਲਾਕੇ ਵਿਚ ਸ਼ਾਂਤੀ ਬਣਾਈ ਰੱਖਣਾ ਏ।

---------------------------------------------------

ਰਾਸ਼ਟਰੀ ਸਵਯਮ ਸੇਵਕ ਸੰਘ RSS ਵਲੋਂ 1925 ਵਿੱਚ ਸੰਘ ਦੀ, ਨਾਗਪੁਰ ਵਿਖੇ ਕੀਤੀ ਗਈ ਸਥਾਪਨਾ ਨੂੰ ਮਨਾਉਣ ਲਈ, ਹਰ ਸਾਲ ਦੀ ਤਰ੍ਹਾਂ 15 ਦਿਨਾਂ ਸਮਾਗਮਾਂ ਦੀ ਲੜੀ ਤਹਿਤ, ਖਰੜ ਦੇ ਆਰਿਆ ਸਕੂਲ ਚ ਸਮਾਗਮ ਕੀਤਾ ਗਿਆ। ਪੰਜਾਬ ਪ੍ਰਾਂਤ ਕਾਰਜਕਾਰੀ ਵਿਨੈ ਕੁਮਾਰ ਮੁੱਖ ਮਹਿਮਾਨ ਵਜੋਂ ਪੁੱਜੇ ਤੇ ਸਮੂਹ ਸੰਘ ਕਾਰਜ ਕਰਤਾਵਾਂ ਨੂੰ ਇਸ ਦਿਨ ਦੀ ਵਧਾਈ ਦਿਤੀ। ਝੰਡੇ ਦੀ ਰਸਮ ਮਗਰੋਂ ਰਿਵਾਇਤ ਅਨੁਸਾਰ ਧਵੱਜ ਪ੍ਰਣਾਮ ਕੀਤਾ ਗਿਆ। ਸਮਾਗਮ ਵਿੱਚ ਸ਼ਹਿਰ ਦੇ ਵੱਖ ਵੱਖ ਵਰਗਾਂ ਦੇ ਲੋਕ, ਔਰਤਾਂ , ਸਕੂਲੀ ਬੱਚੇ, ਬਜੁਰਗ ਵੀ ਸ਼ਾਮਿਲ ਹੋਏ । ਵਿਨੈ ਕੁਮਾਰ ਨੇ ਸੰਘ ਸਥਾਪਨਾ ਦੁਸਹਿਰੇ ਵਾਲੇ ਦਿਨ ਕੀਤੇ ਜਾਣ ਨੂੰ ਬੁਰਾਈ, ਝੂਠ ਉੱਤੇ ਚੰਗਿਆਈ , ਸਚਾਈ ਦੀ ਜਿੱਤ

ਦੇ ਪ੍ਰਤੀਕ ਵਜੋਂ ਦਸਦਿਆਂ ਸਮੂਚੇ ਦੇਸ ਸਮਾਜ ਚੋਂ ਕੁਰੀਤੀਆਂ ਦਾ ਖਾਤਮਾ ਕਰਕੇ ਨਰੋਆ ਸਮਾਜ ਬਣਾਓਣ ਲਈ ਪ੍ਰੇਰਿਤ ਕੀਤਾ।

-----------------------------------------------------

ਐੱਸ ਏ ਐੱਸ ਨਗਰ ਜ਼ਿਲਾ ਪ੍ਰਸ਼ਾਸ਼ਨ ਵਲੋਂ ਪਿੰਡਾਂ ਵਿੱਚ ਤਾਇਨਾਤ ਕੀਤੀਆਂ ਨੋਡਲ ਟੀਮਾਂ ਨੇ ਕਿਸਾਨਾਂ ਨੂੰ ਖੇਤਾਂ ਵਿੱਚ ਸੰਪਰਕ ਕਰਕੇ ਪਰਾਲੀ ਨੂੰ ਅੱਗ ਲਾਏ ਬਿਨਾਂ ਮਸ਼ੀਨਰੀ ਦੀ ਮਦਦ ਨਾਲ ਸੰਭਾਲਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਏ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਰਣਤੇਜ ਸ਼ਰਮਾ ਨੇ ਕਲ ਮੋਹਾਲੀ ਦੇ ਪਿੰਡ ਦਾਉ, ਚਾਓ ਮਾਜਰਾ, ਬੜੀ ਤੇ ਬਾਕਰਪੁਰ ਵਿਖੇ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿੱਚ ਅੱਗ ਨਾ ਲਾਉਣ ਲਈ ਜਾਗਰੂਕ ਕੀਤਾ। ਉਨ੍ਹਾਂ ਇਸ ਮੌਕੇ ਬੜੀ ਤੇ ਬਾਕਰਪੁਰ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਰਾਹੀਂ ਜ਼ਿਮੀਂਦਾਰਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਵੀ ਕਰਵਾਈ। ਸਹਿਕਾਰੀ ਸਭਾਵਾਂ ਦੀ ਇੰਸਪੈਕਟਰ ਜਸ਼ਨਬੀਰ ਕੌਰ ਨੇ ਦਾਉ ਪਿੰਡ ਚ ਕਿਸਾਨਾਂ ਨੂੰ

ਪਰਾਲੀ ਨੂੰ ਅੱਗ ਨਾ ਲਾ ਕੇ ਮਸ਼ੀਨਰੀ ਰਾਹੀਂ ਸੰਭਾਲਣ ਲਈ ਪ੍ਰੇਰਤ ਕੀਤਾ। ਉਨਾਂ ਦਸਿਆ ਕਿ ਇਸ ਮੰਤਵ ਲਈ ਖੇਤੀਬਾੜੀ ਵਿਭਾਗ ਅਤੇ ਸਹਿਕਾਰਤਾ ਵਿਭਾਗ ਵਲੋਂ ਵਿਕਸਤ ਮੋਬਾਈਲ ਐਪ ਉੱਨਤ ਕਿਸਾਨ ਅਤੇ ਵੈੱਬਸਾਈਟ cs.posible.in ਵਰਗੇ ਆਈ.ਟੀ ਟੂਲਜ਼ ਦੀ ਵਰਤੋਂ ਵੀ ਕੀਤੀ ਜਾ ਸਕਦੀ ਏ। ਕਿਸਾਨਾਂ ਨੂੰ ਉੱਨਤ ਕਿਸਾਨ ਐਪ ਵੀ ਉਨ੍ਹਾਂ ਦੇ ਮੋਬਾਈਲ ਫੋਨਾਂ ਤੇ ਡਾਊਨਲੋਡ ਕਰਵਾਈ ਗਈ। ਸ਼ਹੀਦ ਭਗਤ ਸਿੰਘ ਕਸਟਮ ਹਾਇਰਿੰਗ ਸੈਂਟਰ ਚਾਓ ਮਾਜਰਾ ਤੋਂ ਲੋਕਾਂ ਨੂੰ ਪਰਾਲੀ ਸੰਭਾਲ ਮਸ਼ੀਨਰੀ ਵੀ ਦਿਵਾਈ ਗਈ।

-----------------------------------------------------

ਪੱਛਮੀ ਗੜਬੜੀ ਦੇ ਸਰਗਰਮ ਹੋਣ ਕਾਰਨ ਪੰਜਾਬ ਤੇ ਚੰਡੀਗੜ੍ਹ ’ਚ ਮੌਸਮ ਬਦਲ ਗਿਆ ਏ। ਬੀਤੀ ਰਾਤ ਜਲੰਧਰ ਸਮੇਤ ਕਈ ਥਾਈ ਤੇਜ਼ ਹਵਾਵਾਂ ਦੇ ਨਾਲ-ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਈ ਜਿਸ ਨਾਲ ਮੌਸਮ ਠੰਡਾ ਹੋ ਗਿਆ ਏ

। ਅੱਜ ਵੀ ਕਈ ਇਲਾਕਿਆਂ ਵਿਚ ਬੱਦਲ ਛਾਏ ਹੋਏ ਨੇ । ਮੌਸਮ ਵਿਭਾਗ ਮੁਤਾਬਿਕ ਸੂਬੇ ਵਿਚ ਅੱਜ ਅਤੇ ਕਲ ਮੌਸਮ ਸਾਫ਼ ਰਹੇਗਾ ਪਰ 8 ਅਕਤੂਬਰ ਤੋਂ ਬਾਅਦ ਮੀਂਹ ਪੈ ਸਕਦਾ ਏ।

---------------------------------------------------

ਦੁਬਈ 'ਚ ਔਰਤਾਂ ਦੇ ਟੀ-20 ਕ੍ਰਿਕਟ ਵਿਸ਼ਵ ਕੱਪ 'ਚ ਅੱਜ ਦੁਪਹਿਰ ਸਾਢੇ 3 ਵਜੇ ਭਾਰਤ ਦਾ ਸਾਹਮਣਾ ਪਾਕਿਸਤਾਨ ਨਾਲ ਹੋਵੇਗਾ । ਆਕਾਸ਼ਵਾਣੀ ਤੋਂ ਇਸ ਮੈਚ ਦਾ ਸਿੱਧਾ ਪ੍ਰਸਾਰਣ FM ਰੇਨਬੋ ਅਤੇ ਹੋਰਨਾਂ ਮੀਟਰਾਂ 'ਤੇ ਕੀਤਾ ਜਾਵੇਗਾ । ਭਾਰਤੀ ਟੀਮ ਨਿਊਜ਼ੀਲੈਂਡ ਤੋਂ ਪਹਿਲਾ ਮੈਚ ਹਾਰ ਗਈ ਸੀ ।ਓਧਰ ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਮਰਦਾਂ ਦਾ ਤਿੰਨ ਟੀ-20 ਕ੍ਰਿਕਟ ਲੜੀ ਦਾ ਪਹਿਲਾ ਮੈਚ ਅੱਜ ਸ਼ਾਮ 7 ਵਜੇ ਗਵਾਲੀਅਰ 'ਚ ਖੇਡਿਆ ਜਾਵੇਗਾ । ਸ਼ੁਭਮਨ ਗਿੱਲ, ਰਿਸ਼ਭ ਪੰਤ, ਯਸ਼ਸਵੀ ਜੈਸਵਾਲ, ਮੁਹੰਮਦ ਸਿਰਾਜ ਅਤੇ ਅਕਸ਼ਰ ਪਟੇਲ ਇਸ ਮੈਚ ਵਿੱਚ ਨਹੀਂ ਖੇਡਣਗੇ। ਸੀਰੀਜ਼ ਦਾ ਦੂਜਾ

ਮੈਚ 9 ਅਕਤੂਬਰ ਨੂੰ ਦਿੱਲੀ 'ਚ ਅਤੇ ਤੀਜਾ ਮੈਚ 9 ਅਕਤੂਬਰ ਨੂੰ ਦਿੱਲੀ 'ਚ ਹੋਵੇਗਾ।